ਵੱਲੋਂ,

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2
ਜਲੰਧਰ

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਜਲੰਧਰ

ਨੰ. 2242 ਮਿਤੀ. 22/5/18

ਵਿਸ਼ਾ:- ਕੁਆਲਟੀ ਕੰਟਰੋਲ ਟੀਮ ਵੱਲੋਂ ਮਿਤੀ:19.01.2018 ਨੂੰ ਫਗਵਾੜਾ ਦੇ ਕੰਮ ਚੈੱਕ ਕਰਨ ਸਬੰਧੀ। (Const. of 3 No. OHSR at Phagwara (Agency:- M/S Kulwant Singh Sandhu)

ਹਵਾਲਾ:-

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਰਿਪੋਰਟ ਹੇਠ ਲਿਖੇ ਅਨੁਸਾਰ ਹੈ ਜੀ:-

1. ਫਗਵਾੜਾ ਵਿੱਚ ਗਰੇਨ ਮਾਰਕਿਟ ਹੱਡਾ ਰੋੜੀ ਵਿਖੇ 2.00 lac gallon ਸਮਰੱਥਾ ਦੀ ਟੈਂਕੀ ਦਾ ਸਿਵਲ ਕੰਮ ਮੁਕੰਮਲ ਹੋ ਚੁੱਕਾ ਹੈ। Puddle Collar Dome ਵਿੱਚ ਫਿੱਟ ਕਰ ਦਿੱਤੇ ਗਏ ਹਨ ਅਤੇ vertical pipes ਲਗਾਏ ਜਾ ਚੁੱਕੇ ਹਨ।
2. OHSR ਭਰਨ ਲਈ ਜੋ ਟਿਊਬਵੈੱਲ ਲਗਾਇਆ ਗਿਆ ਹੈ, ਉਸ ਨੂੰ W/S distribution system ਨਾਲ ਜੋੜਨ ਦਾ ਕੰਮ ਐਗਰੀਮੈਂਟ ਨੰ. 21 ਆਫ 2016-17 ਅਧੀਨ M/s Sukhmani Megastructures Pvt. Ltd., Patiala ਵੱਲੋਂ ਕੀਤਾ ਜਾਣਾ ਸੀ। ਪ੍ਰੰਤੂ ਉਕਤ ਏਜੰਸੀ ਵੱਲੋਂ ਮੌਕੇ ਤੇ ਪਿਛਲੇ 10-12 ਮਹੀਨੇ ਤੋਂ ਕੰਮ ਨਹੀਂ ਕੀਤਾ ਜਾ ਰਿਹਾ ਸੀ। ਜਿਸ ਕਾਰਨ ਇਹ ਟਿਊਬਵੈੱਲ Distribution system ਨਾਲ ਜੋੜਿਆ ਨਹੀਂ ਜਾ ਸਕਿਆ। ਇਸ ਦਫਤਰ ਵੱਲੋਂ M/s Sukhmani Megastructures Pvt. Ltd., Patiala ਤੋਂ ਕੰਮ ਕਰਵਾਉਣ ਲਈ ਅਣਥੱਕ ਯਤਨ ਕੀਤੇ ਗਏ ਪ੍ਰੰਤੂ ਕੋਈ ਸਾਰਥੱਕ ਨਤੀਜਾ ਨਹੀਂ ਨਿਕਲਿਆ ਅਤੇ ਏਜੰਸੀ ਵੱਲੋਂ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਜਿਸ ਉਪਰੰਤ ਇਸ ਦਫਤਰ ਵੱਲੋਂ ਉਸ ਦਾ ਐਗਰੀਮੈਂਟ (21 ਆਫ 2016-17) ਮਿਤੀ:17.05.2018 ਨੂੰ ਟਰਮੀਨੇਟ ਕਰ ਦਿੱਤਾ ਗਿਆ ਹੈ। ਫਰਮ ਦਾ ਅਕਾਊਂਟ ਕਲੋਜ਼ ਕਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਉਪਰੰਤ ਉੱਚ ਅਧਿਕਾਰੀਆਂ ਦੀ ਮੰਜੂਰੀ ਪ੍ਰਾਪਤ ਹੋਣ ਤੇ ਉਕਤ ਕੰਮ ਦੀ ਰੀਟੈਂਡਰਿੰਗ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਕੰਮ ਨੂੰ ਜਲਦ ਤੋਂ ਜਲਦ ਪੂਰਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।
3. -ਉਹੀ-

4. ਟੈਂਕੀ ਉੱਪਰ Aviation Light ਅਤੇ Lightning Conductor ਵੀ ਲਗਾ ਦਿੱਤੇ ਗਏ ਹਨ ਜੀ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਹੈ ਜੀ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2,
ਜਲੰਧਰ

ਪਿੱਠ ਅਕੱਣ ਨੰ: 2243 ਮਿਤੀ 22/5/18

ਉਪਰੋਕਤ ਦੀ ਨਕਲ ਉਪ ਮੰਡਲ ਇੰਜੀਨੀਅਰ, ਪੰਜਾਬ ਵ/ਸ ਤੇ ਸੀਵਰੇਜ ਉਪ ਮੰਡਲ ਨੰ.2, ਫਗਵਾੜਾ ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰ. 295 ਮਿਤੀ:21.05.2018 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ. 2,
ਜਲੰਧਰ